Alberta

News release

# ਇਸ ਗਰਮੀ ਰੁੱਤ ਅਲਬਰਟਾ ਦੇ ਇਤਿਹਾਸ ਬਾਰੇ ਜਾਣੋ

ਮਈ 17, 2022

## ਅਲਬਰਟਾ ਦੀਆਂ ਸੂਬਾਈ ਇਤਿਹਾਸਕ ਥਾਵਾਂ, ਅਜਾਇਬ ਘਰ ਅਤੇ ਪੁਰਾਲੇਖ ਪ੍ਰੋਗਰਾਮ, ਸਮਾਗਮ ਅਤੇ ਗਤੀਵਿਧੀਆਂ ਨਾਲ ਗਰਮੀਆਂ ਦੇ ਮੌਸਮ ਦੀ ਸ਼ੁਰੂਆਤ ਕਰ ਰਹੇ ਹਾਂ।

2019 ਤੋਂ ਬਾਅਦ ਪਹਿਲੀ ਵਾਰ ਅਲਬਰਟਾ ਦੀਆਂ ਸਾਰੀਆਂ 20 ਸੂਬਾਈ ਸੰਚਾਲਿਤ ਸਾਈਟਾਂ(ਸਥਾਨ) ਸੈਲਾਨੀਆਂ ਦਾ ਸੁਆਗਤ ਕਰਨ ਲਈ ਦੁਬਾਰਾ ਖੁੱਲ੍ਹਣਗੀਆਂ। ਫੌਸਿਲ(ਅਵਸ਼ੇਸ਼) ਤੋਂ ਲੈ ਕੇ ਜੱਤ ਦੇ ਵਪਾਰ ਤੱਕ, ਕਵੀਆਂ ਤੋਂ ਲੈ ਕੇ ਪਿਰੋਗੀਜ਼ ਅਤੇ ਅਮੋਲਾਈਟ ਤੋਂ ਹਵਾਈ ਜਹਾਜ਼ ਤੱਕ, ਅਲਬਰਟਾ ਦੀ ਵਿਲੱਖਣ ਵਿਰਾਸਤ ਹਰ ਕਿਸੇ ਲਈ ਮਨੋਰੰਜਕ, ਪ੍ਰਭਾਵਸ਼ਾਲੀ ਵਿਦਿਅਕ ਅਨੁਭਵਾਂ ਨਾਲ ਜੀਵੰਤ ਹੁੰਦੀ ਹੈ।

## ਹਰੇਕ ਲਈ ਸਮਾਗਮ ਅਤੇ ਗਤੀਵਿੱਧੀਆਂ

ਨਵੇਂ ਅਤੇ ਪਹਿਲਾਂ ਵਾਲੇ ਸਮਾਗਮਾਂ ਅਤੇ ਪ੍ਰੋਗਰਾਮਾਂ ਦੀ ਵਿਸ਼ਾਲ ਸ਼੍ਰੇਣੀ ਹਰ ਕਿਸੇ ਦੇ ਰੁਝੇਵੇਂ ਲਈ ਮਜ਼ੇਦਾਰ ਤਰੀਕੇ ਪੇਸ਼ ਕਰਦੀ ਹੈ।

- ਰਾਇਲ ਅਲਬਰਟਾ ਮਿਊਜ਼ੀਅਮ ਦੀ ਖਾਸ ਪ੍ਰਦਰਸ਼ਨੀ, ਡਰਾਈਵ: ਰਾਈਡ ਦੀ ਰੀਇਮੇਜਿਨਿੰਗ ਰਾਹੀਂ ਪਿਛਲੇ ਸਾਲਾਂ ਤੋਂ ਵਾਹਨਾਂ ਦੇ ਰਚਨਾਤਮਕ ਰੂਪਾਂਤਰਾਂ ਨੂੰ ਦੇਖੋ। ਇਸ ਤੋਂ ਵੀ ਵਧੀਆ ਹਰ ਮਹੀਨੇ ਨਵੀਆਂ ਗਤੀਵਿਧੀਆਂ ਨਾਲ ਟਿੰਕਰ ਗੈਰਾਜ ਵਿੱਚ ਪਰਿਵਾਰਕ ਮਨੋਰੰਜਨ ਦੇ ਨਾਲ ਆਪਣੀ ਖੁਦ ਦੀ ਰਚਨਾਤਮਕਤਾ ਦਿਖਾਓ।
- ਸ਼ੁਰੂਆਤੀ ਵੀਕੈਂਡ ਤੇ ਇਤਿਹਾਸਕ ਇਮਾਰਤਾਂ ਬਾਰੇ ਜਾਣਦੇ ਐਡਮਿੰਟਨ ਦੇ ਪੂਰਬ ਵੱਲ ਅਲਬਰਟਾ ਦੇ ਯੂਕਰੇਨੀ ਸੱਭਿਆਚਾਰਕ ਵਿਰਾਸਤੀ ਪਿੰਡ ਵਿੱਚ ਯੂਕਰੇਨੀ ਵਸੇਬੇ ਦੇ ਇਤਿਹਾਸ ਬਾਰੇ ਹੋਰ ਜਾਣੋ। ਵਿਕਟੋਰੀਆ ਡੇ ਤੇ ਵੋਲੀਆ, ਯੂਕਰੇਨੀ ਡਾਂਸ ਪੇਸ਼ਕਾਰੀ, ਵਿਟਰ ਯੂਕਰੇਨੀ ਡਾਂਸਰ ਅਤੇ ਸੂਬੇ ਭਰ ਦੇ ਹੋਰ ਡਾਂਸ ਗਰੁੱਪ ਦੇ ਪ੍ਰਦਰਸ਼ਨਾਂ ਨਾਲ ਰੰਗਦਾਰ ਯੂਕਰੇਨੀ ਡਾਂਸ ਪੇਸ਼ ਕਰੇਗਾ!
- ਫੇਅਰਵਿਊ ਦੇ ਨੇੜੇ ਇਤਿਹਾਸਕ ਡਨਵੇਗਨ ਬਾਰੇ ਜਾਣੋ, ਰੇਵਿਲੋਨ ਫਰੇਸ ਫਰ ਟਰੇਡ ਸਟੋਰ, ਹਡਸਨ ਬੇ ਕੰਪਨੀ ਫੈਕਟਰ ਹਾਊਸ ਅਤੇ ਸੇਂਟ ਚਾਰਲਸ ਕੈਥੋਲਿਕ ਮਿਸ਼ਨ ਰੈਕਟਰੀ ਅਤੇ ਚਰਚ ਦੇ ਗਾਈਡਿਡ ਟੂਰ ਤੇ ਜਾਓ।
- ਫੋਰਟ ਮੈਕਮਰੀ ਵਿੱਚ ਆਇਲ ਸੈਂਡਸ ਡਿਸਕਵਰੀ ਸੈਂਟਰ ਵਿਖੇ ਵਿਗਿਆਨ ਕੈਂਪਾਂ ਵਿੱਚ ਮਜ਼ੇਦਾਰ ਅਤੇ ਵਿਗਿਆਨਕ ਖੋਜ ਦਿਨ ਲਈ ਆਪਣੇ ਬੱਚਿਆਂ ਨੂੰ ਸਾਈਨ ਅੱਪ ਕਰੋ।
- ਐਲਕ ਪੁਆਇੰਟ ਦੇ ਨੇੜੇ ਫੋਰਟ ਜਾਰਜ ਅਤੇ ਬਕਿੰਘਮ ਹਾਊਸ ਵਿਖੇ ਖੁੱਲਣ ਵਾਲੀ ਨਵੀਂ ਪ੍ਰਦਰਸ਼ਨੀ ਵਿੱਚ ਜਲ ਆਵਾਜਾਈ ਅਤੇ ਅਲਬਰਟਾ ਦੇ ਫਰ ਵਪਾਰ ਹਾਈਵੇਅ ਦੇ ਇਤਿਹਾਸ ਬਾਰੇ ਜਾਣੋ।
- 31 ਮਈ ਨੂੰ ਬੰਦ ਹੋਣ ਤੋਂ ਪਹਿਲਾਂ ਐਡਮਿੰਟਨ ਵਿੱਚ ਅਲਬਰਟਾ ਦੇ ਪ੍ਰੋਵਿੰਸ਼ੀਅਲ ਆਰਕਾਈਵਜ਼ ਵਿਖੇ ਪ੍ਰੇਅਰੀ ਰਾਇਲਟੀ ਪ੍ਰਦਰਸ਼ਨੀ ਨੂੰ ਦੇਖੋ ਅਤੇ ਜੁਲਾਈ ਵਿੱਚ ਉਹਨਾਂ ਦੀ ਨਵੀਂ ਕਲਾ ਪ੍ਰਦਰਸ਼ਨੀ ਦੇ ਉਦਘਾਟਨ ਲਈ ਤਿਆਰ ਰਹੋ।

ਜ਼ਿਆਦਾਤਰ ਮੌਸਮੀ ਇਤਿਹਾਸਕ ਸਾਈਟਾਂ 18 ਮਈ ਨੂੰ ਦੁਬਾਰਾ ਖੁੱਲ੍ਹ ਰਹੀਆਂ ਹਨ ਪਰੰਤੂ ਕੁਝ ਚੋਣਵੀਆਂ ਸਾਈਟਾਂ ਮਈ ਦੇ ਅੰਤ ਵਿੱਚ ਖੁੱਲ੍ਹਣਗੀਆਂ। ਹਰੇਕ ਸੂਬਾਈ ਇਤਿਹਾਸਕ ਸਾਈਟ ਅਤੇ ਅਜਾਇਬ ਘਰ ਦੀ ਵੈੱਬਸਾਈਟ(provincial historic site and museum’s website) ਤੇ ਜਾ ਕੇ ਸ਼ੁਰੂ ਹੋਣ ਦੀਆਂ ਤਰੀਕਾਂ ਅਤੇ ਸਮੇ ਦਾ ਪਤਾ ਕਰੋ।

## ਐਕਸਪਲੋਰ ਅਲਬਰਟਾਜ਼ ਹਿਸਟਰੀ(ਅਲਬਰਟਾ ਦੇ ਇਤਿਹਾਸ ਨੂੰ ਜਾਨਣ ਲਈ) ਪਾਸ ਖਰੀਦੋ

- The Experience Alberta’s History Pass(ਪਾਸ) 18 ਮਈ ਤੋਂ ਖਰੀਦ ਲਈ ਉਪਲਬਧ ਹੋਵੇਗਾ। ਇਹ ਪਾਸ ਸਾਰੀਆਂ ਸਾਈਟਾਂ ਨੂੰ ਇੱਕ ਸਾਲ ਵਿੱਚ ਅਸੀਮਤ ਵਾਰ ਦੇਖਣ ਦਾ ਇੱਕ ਕਿਫਾਇਤੀ ਤਰੀਕਾ ਹੈ ਅਤੇ ਇਹ ਨੌਜਵਾਨਾਂ, ਬਜ਼ੁਰਗਾਂ, ਬਾਲਗਾਂ ਅਤੇ ਪਰਿਵਾਰਾਂ ਲਈ ਉਪਲਬਧ ਹੈ।

- The Experience Alberta's History Pass,ਇਹ ਪਾਸ ਹੇਠਲਿਆਂ ਇਤਿਹਾਸਕ ਸਥਾਨਾਂ ਅਤੇ ਅਜਾਇਬ ਘਰਾਂ ਤੇ ਖਰੀਦਣ ਲਈ ਉਪਲਬਧ ਹੋਵੇਗਾ:
- ਫਰੈਂਕ ਸਲਾਈਡ ਇੰਟਰਪ੍ਰੇਟਿਵ ਸੈਂਟਰ
- ਹੈਡ ਸਮੈਸ਼ੜ ਇੰਨ ਬਫਲੋ ਜੰਪ
- ਇਤਿਹਾਸਕ ਡਨਵੈਗਨ
- ਆਇਲ ਸੈਂਡ ਡਿਸਕਵਰੀ ਸੈਂਟਰ
- ਰੇਮਿੰਗਟਨ ਕੈਰੀਏਜ ਮਿਊਜ਼ੀਅਮ
- ਰੇਨੋਲਡਸ-ਅਲਬਰਟਾ ਮਿਊਜ਼ੀਅਮ
- ਰਾਇਲ ਅਲਬਰਟਾ ਮਿਊਜ਼ੀਅਮ
- ਰਾਇਲ ਟਾਇਰੇਲ ਮਿਊਜ਼ੀਅਮ
- ਰਦਰਫੋਰਡ ਹਾਊਸ
- ਸਟੀਫਨਸਨ ਹਾਊਸ
- ਯੂਕਰੇਨੀ ਸੱਭਿਆਚਾਰਕ ਵਿਰਾਸਤੀ ਪਿੰਡ
- ਅਲਬਰਟਾ ਦੇ ਸੂਬਾਈ ਪੁਰਾਲੇਖ